**15ਵੀਂ ਵਿਧਾਨ ਸਭਾ**

**16ਵਾਂ (ਵਿਸ਼ੇਸ਼) ਸਮਾਗਮ**

**ਪੰਜਾਬ ਵਿਧਾਨ ਸਭਾ**

ਬੁਲੇਟਿਨ ਨੰ : 1

ਸੋਮਵਾਰ, 08 ਨਵੰਬਰ , 2021

( 10.00 ਵਜੇ ਸਵੇਰ ਤੋਂ 10:09 ਵਜੇ ਸਵੇਰ ਤੱਕ)

**1. ਅਕਾਲ ਚਲਾਣਿਆਂ ਦਾ ਵਰਣਨ**

ਮਾਨਯੋਗ ਸਪੀਕਰ ਵੱਲੋਂ ਨਿਮਨਲਿਖਤ ਦੇ ਅਕਾਲ ਚਲਾਣਿਆਂ ਦਾ ਵਰਣਨ ਕੀਤਾ ਗਿਆ :-

1. ਸਰਦਾਰ ਸੇਵਾ ਸਿੰਘ ਸੇਖਵਾਂ, ਸਾਬਕਾ ਮੰਤਰੀ;
2. ਸਰਦਾਰ ਰਵਿੰਦਰ ਸਿੰਘ ਸੰਧੂ, ਸਾਬਕਾ ਸੰਸਦੀ ਸਕੱਤਰ;
3. ਸ਼ਹੀਦ ਜਸਵਿੰਦਰ ਸਿੰਘ, ਨਾਇਬ ਸੂਬੇਦਾਰ;
4. ਸ਼ਹੀਦ ਮਨਜੀਤ ਸਿੰਘ, ਸਿਪਾਹੀ;
5. ਸ਼ਹੀਦ ਗੱਜਣ ਸਿੰਘ, ਸਿਪਾਹੀ;
6. ਸ੍ਰੀ ਬਲਵਿੰਦਰ ਸਿੰਘ ਨਕਈ, ਚੇਅਰਮੈਨ, ਇਫਕੋ ( ਆਈ.ਐਫ.ਐਫ.ਸੀ.ਓ);
7. ਸ੍ਰੀ ਨਿਰੰਜਣ ਸਿੰਘ, ਸੁਤੰਤਰਤਾ ਸੰਗਰਾਮੀ;
8. ਸ੍ਰੀ ਅਵਿਨਾਸ਼ ਚੰਦਰ, ਸੁਤੰਤਰਤਾ ਸੰਗਰਾਮੀ; ਅਤੇ
9. ਸ੍ਰੀ ਅਰਜਨ ਸਿੰਘ, ਸੁਤੰਤਰਤਾ ਸੰਗਰਾਮੀ।

ਮਾਨਯੋਗ ਸਪੀਕਰ ਵੱਲੋਂ ਉਪਰੋਕਤ ਵਰਣਿਤ ਮਹਾਨ ਸ਼ਖਸੀਅਤਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਇਸ ਤੋਂ ਇਲਾਵਾ ਮਾਨਯੋਗ ਸਪੀਕਰ ਵੱਲੋਂ ਸਰਦਾਰ ਅਰਵਿੰਦਰ ਸਿੰਘ ਲਵਲੀ ਸੁਪੱਤਰ ਸਰਦਾਰ ਬੂਟਾ ਸਿੰਘ ਨੂੰ ਵੀ ਸ਼ਰਧਾਂਜਲੀ ਭੇਟ ਕੀਤੀ ਗਈ। ਇਨ੍ਹਾਂ ਤੋਂ ਇਲਾਵਾ ਸ੍ਰੀ ਪਰਗਟ ਸਿੰਘ, ਸਕੂਲ ਸਿੱਖਿਆ ਮੰਤਰੀ ਦੁਆਰਾ ਉਤਰ ਪ੍ਰਦੇਸ਼ ਵਿੱਚ ਸ਼ਹੀਦ ਹੋਏ ਚਾਰ ਕਿਸਾਨ ਅਤੇ ਇੱਕ ਪੱਤਰਕਾਰ ਦੇ ਨਾਮ ਅੱਜ ਦੇ ਸ਼ੋਕ ਪ੍ਰਸਤਾਵਾਂ ਵਾਲੀ ਸੂਚੀ ਵਿੱਚ ਸ਼ਾਮਲ ਕਰਨ ਲਈ ਕਹੇ ਜਾਣ ਤੇ ਮਾਨਯੋਗ ਸਪੀਕਰ ਵੱਲੋਂ ਉਨ੍ਹਾਂ ਦੇ ਨਾਵਾਂ ਨੂੰ ਵੀ ਸ਼ਰਧਾਂਜਲੀਆਂ ਵਾਲੀ ਸੂਚੀ ਵਿੱਚ ਸ਼ਾਮਲ ਕਰ ਲਿਆ ਗਿਆ।

ਮਾਨਯੋਗ ਸਪੀਕਰ ਵੱਲੋਂ ਸਦਨ ਨੂੰ ਸੂਚਿਤ ਕੀਤਾ ਗਿਆ ਕਿ ਵਿਛੜੀਆਂ ਸ਼ਖਸੀਅਤਾਂ ਦੇ ਦੁਖੀ ਪਰਿਵਾਰਾਂ ਨੂੰ ਸ਼ੋਕ ਸੁਨੇਹੇ ਭੇਜ ਦਿੱਤੇ ਜਾਣਗੇ।

ਸਦਨ ਨੇ ਵਿਛੜੀਆਂ ਰੂਹਾਂ ਦੀ ਯਾਦ ਵਿੱਚ ਸਤਿਕਾਰ ਵਜੋਂ ਦੋ ਮਿੰਟ ਲਈ ਖੜ੍ਹੇ ਹੋ ਕੇ ਮੌਨ ਧਾਰਨ ਕੀਤਾ।

ਇਸ ਉਪਰੰਤ ਸਦਨ ਵੀਰਵਾਰ, ਮਿਤੀ 11 ਨਵੰਬਰ, 2021 ਦੇ 11:00 ਵਜੇ ਪੂਰਵ ਦੁਪਹਿਰ ਤੱਕ ਸਥਗਿਤ ਹੋ ਗਿਆ।

ਚੰਡੀਗੜ੍ਹ
08 ਨਵੰਬਰ, 2021

ਸੁਰਿੰਦਰ ਪਾਲ
ਸਕੱਤਰ